Ontario

ਸਿਹਤ ਮੰਤਰਾਲਾ

**ਸਮਾਜਕ-ਨਿੱਜੀ (ਸੋਸ਼ਿਓਡੈਮੋਗਰਾਫਕ) ਜਾਣਕਾਰੀ ਇਕੱਤਰ ਕਰਨ, ਵਰਤਣ ਅਤੇ ਜ਼ਾਹਰ ਕਰਨ ਬਾਰੇ ਸਹਿਮਤੀ**

ਸਿਹਤ ਮੰਤਰਾਲਾ ਕੋਵਿਡ-19 ਦਾ ਵੈਕਸੀਨ ਲਵਾਉਣ ਵਾਲੇ ਲੋਕਾਂ ਬਾਰੇ ਸਮਾਜਕ-ਨਿੱਜੀ (ਸੋਸ਼ਿਓਡੈਮੋਗਰਾਫਕ) ਜਾਣਕਾਰੀ ਇਕੱਤਰ ਕਰ ਰਿਹਾ ਹੈ। ਇਸ ਵਿੱਚ ਉਨ੍ਹਾਂ ਦੀ ਨਸਲ, ਸਭਿਆਚਾਰਕ ਪਿਛਕੋੜ (ਐਥਿਨੀਸਿਟੀ), ਆਮਦਨ, ਪਰਿਵਾਰ ਦੇ ਆਕਾਰ ਅਤੇ ਬੋਲੀ ਬਾਰੇ ਜਾਣਕਾਰੀ ਸ਼ਾਮਲ ਹੈ।

ਜੇ ਤੁਸੀਂ ਮੰਤਰਾਲੇ ਨੂੰ ਇਹ ਜਾਣਕਾਰੀ ਦੇਣ ਦਾ ਫੈਸਲਾ ਕਰਦੇ ਹੋ, ਤਾਂ ਮੰਤਰਾਲਾ ਇਹ ਜਾਣਕਾਰੀ ਉਨਟਾਰੀਓ ਵਿੱਚ ਵੈਕਸੀਨਾਂ ਦੀ ਵੰਡ ਅਤੇ ਉਨ੍ਹਾਂ ਬਾਰੇ ਪ੍ਰਚਾਰ ਕਰਨ ਦੀ ਯੋਜਨਾ ਬਣਾਉਣ ਲਈ ਅਤੇ ਕਾਨੂੰਨ ਵੱਲੋਂ ਮਨਜ਼ੂਰ ਅਤੇ ਜ਼ਰੂਰੀ ਮਿੱਥੇ ਗਏ ਹੋਰ ਮਕਸਦਾਂ ਲਈ ਕਰੇਗਾ।

ਮੰਤਰਾਲਾ ਇਸ ਜਾਣਕਾਰੀ ਦੀ ਵਰਤੋਂ ਉਹ ਰਿਪੋਰਟਾਂ ਤਿਆਰ ਕਰਨ ਲਈ ਕਰੇਗਾ ਜੋ ਜਨਤਕ ਤੌਰ `ਤੇ ਉਪਲਬਧ ਹੋਣਗੀਆਂ। ਇਨ੍ਹਾਂ ਰਿਪੋਰਟਾਂ ਵਿੱਚ ਉਹ ਜਾਣਕਾਰੀ ਸ਼ਾਮਲ ਨਹੀਂ ਹੋਵੇਗੀ, ਜਿਸ ਨੂੰ ਵਰਤ ਕੇ ਤੁਹਾਡੀ ਪਛਾਣ ਕੀਤੀ ਜਾ ਸਕੇ। ਮੰਤਰਾਲਾ ਇਹ ਯਕੀਨੀ ਬਣਾਏਗਾ ਕਿ ਇਹ ਜਾਣਕਾਰੀ ਜ਼ਿੰਮੇਵਾਰੀ ਨਾਲ ਵਰਤੀ ਜਾਵੇ ਅਤੇ ਲੋਕਾਂ ਦੀ ਪ੍ਰਾਈਵੇਸੀ ਦਾ ਸਤਿਕਾਰ ਕੀਤਾ ਜਾਵੇ।

ਤੁਹਾਡੇ ਵੱਲੋਂ ਦਿੱਤੀ ਗਈ ਕੋਈ ਵੀ ਜਾਣਕਾਰੀ ਕੋਵੈਕਸ ਸਿਸਟਮ ਵਿੱਚ ਸਾਂਭੀ ਜਾਵੇਗੀ ਅਤੇ ਵੈਕਸੀਨ ਲਾਉਣ ਵਾਲੇ ਕਲੀਨਿਕਾਂ ਵਿੱਚਲੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲਿਆਂ ਨੂੰ ਉਪਲਬਧ ਹੋਵੇਗੀ। ਕੋਵੈਕਸ ਸਿਹਤ ਨਾਲ ਸੰਬੰਧਿਤ ਰਿਕਾਰਡ ਰੱਖਣ ਵਾਲਾ ਸਿਸਟਮ ਹੈ, ਜਿਹੜਾ ਮੰਤਰਾਲੇ ਦੀ ਨਿਗਰਾਨੀ ਅਤੇ ਕੰਟਰੋਲ ਅਧੀਨ ਹੈ।

**ਇਹ ਜਾਣਕਾਰੀ ਦੇਣਾ ਤੁਹਾਡੀ ਮਰਜ਼ੀ ਹੈ।**

ਜੇ ਤੁਸੀਂ ਨਹੀਂ ਚਾਹੁੰਦੇ ਤਾਂ ਤੁਹਾਨੂੰ ਇਹ ਜਾਣਕਾਰੀ ਦੇਣ ਦੀ ਲੋੜ ਨਹੀਂ। ਜੇ ਤੁਸੀਂ ਇਸ ਬਾਰੇ ਸਹਿਮਤੀ ਨਾ ਦੇਵੋ ਤਾਂ ਤੁਹਾਡੇ ਕੋਵਿਡ-19 ਦਾ ਵੈਕਸੀਨ ਲਾਉਣ ਤੋਂ ਜਾਂ ਤੁਹਾਨੂੰ ਹੋਰ ਕੋਈ ਸੇਵਾ ਦੇਣ ਤੋਂ ਇਨਕਾਰ ਨਹੀਂ ਕੀਤਾ ਜਾਵੇਗਾ। ਤੁਸੀਂ ਸਾਰਿਆਂ ਸਵਾਲਾਂ ਦੇ ਜਾਂ ਕੁੱਝ ਸਵਾਲਾਂ ਦੇ ਜੁਆਬ ਦੇ ਸਕਦੇ ਹੋ ਜਾਂ ਕਿਸੇ ਵੀ ਸਵਾਲ ਦਾ ਜਵਾਬ ਦੇਣ ਤੋਂ ਨਾਂਹ ਕਰ ਸਕਦੇ ਹੋ।

ਜੇ ਤੁਸੀਂ ਇਹ ਜਾਣਕਾਰੀ ਦੇ ਦਿੰਦੇ ਹੋ, ਪਰ ਬਾਅਦ ਵਿੱਚ ਇਸ ਦੇ ਭਵਿੱਖ ਵਿੱਚ ਵਰਤੇ ਜਾਣ ਬਾਰੇ ਆਪਣਾ ਮਨ ਬਦਲ ਲੈਂਦੇ ਹੋ, ਤਾਂ ਤੁਸੀਂ ਮੰਤਰਾਲੇ ਨਾਲ ਸੰਪਰਕ ਕਰ ਸਕਦੇ ਹੋ ਕਿ ਤੁਹਾਡੀ ਸਮਾਜਕ-ਨਿੱਜੀ (ਸੋਸਿਸ਼ਿਓਡੈਮੋਗਰਾਫਕ) ਜਾਣਕਾਰੀ ਨੂੰ ਵਰਤਿਆ ਨਾ ਜਾਵੇ ਜਾਂ ਜ਼ਾਹਰ ਨਾ ਕੀਤਾ ਜਾਵੇ।

ਤੁਸੀਂ ਅਜਿਹਾ ਮੰਤਰਾਲੇ ਨੂੰ ConsentWD@ontario.ca `ਤੇ ਈ ਮੇਲ ਕਰਕੇ ਕਰ ਸਕਦੇ ਹੋ।

ਕੀ ਤੁਸੀਂ ਮੰਤਰਾਲੇ ਨੂੰ ਜਾਣਕਾਰੀ ਦੇਣ ਲਈ ਸਹਿਮਤੀ ਦਿੰਦੇ ਹੋ?

☐ **ਮੈਂ ਦੱਸੇ ਗਏ ਮਕਸਦਾਂ ਲਈ ਆਪਣੀ ਸਮਾਜਕ-ਨਿੱਜੀ (ਸੋਸ਼ਿਓਡੈਮੋਗਰਾਫਕ) ਜਾਣਕਾਰੀ ਦੇਣ ਲਈ ਸਹਿਮਤੀ ਦਿੰਦਾ/ਦਿੰਦੀ ਹਾਂ।**

| | |
|---|---|
| **ਤੁਹਾਡਾ ਸਭਿਆਚਾਰਕ ਪਿਛੋਕੜ ਕਿਹੜਾ ਹੈ?**<br>ਉਦਾਹਰਨ ਲਈ: ਕੈਨੇਡੀਅਨ, ਚੀਨੀ, ਈਸਟ ਇੰਡੀਅਨ, ਇੰਗਲਿਸ਼, ਇਟਾਲੀਅਨ, ਫਿਲੀਪੀਨੋ, ਸਕਾਟਿਸ਼, ਆਇਰਸ਼, ਪੁਰਤਗਾਲੀ, ਜਰਮਨ, ਪੋਲਿਸ਼, ਡੱਚ, ਫਰੈਂਚ, ਜਮੀਕਨ, ਪਾਕਿਸਤਾਨੀ, ਇਰਾਨੀ, ਸ੍ਰੀ ਲੰਕਨ, ਕੋਰੀਅਨ, ਯੂਕਰੇਨੀ, ਲੈਬਨਾਨੀ, ਗਾਇਨੀਜ਼, ਸੋਮਾਲੀ, ਕੋਲੰਬੀਅਨ, ਯਹਦੀ ਆਦਿ। | |
| **ਕਿਹੜੀ ਚੀਜ਼ ਤੁਹਾਡਾ ਸਭ ਤੋਂ ਵਧੀਆ ਵਰਣਨ ਕਰਦੀ ਹੈ?** ਲਾਗੂ ਹੋਣ ਵਾਲੀਆਂ ਸਾਰੀਆਂ ਚੀਜ਼ਾਂ ਚੁਣੋ। | |
| **ਨਸਲ ਨਾਲ ਸੰਬੰਧਿਤ ਸ਼੍ਰੇਣੀਆਂ** | **ਵਰਣਨ/ਉਦਾਹਰਨਾਂ** |
| ☐ ਕਾਲਾ | ਅਫਰੀਕਨ, ਐਫਰੋ-ਕਰੀਬੀਅਨ, ਅਫਰੀਕਨ-ਕੈਨੇਡੀਅਨ ਪਿਛੋਕੜ |
| ☐ ਈਸਟ ਏਸ਼ੀਅਨ | ਚੀਨੀ, ਕੋਰੀਅਨ, ਜਾਪਾਨੀ, ਤਾਇਵਾਨੀ ਪਿਛੋਕੜ |
| ☐ ਸਾਊਥਈਸਟ ਏਸ਼ੀਅਨ | ਫਿਲੀਪੀਨੋ, ਵੀਅਤਨਾਮੀ, ਕੰਬੋਡੀਅਨ, ਥਾਈ, ਇੰਡੋਨੇਸ਼ੀਅਨ, ਸਾਊਥਈਸਟ ਏਸ਼ੀਅਨਾਂ ਦੇ ਹੋਰ ਪਿਛੋਕੜ |
| ☐ ਲਾਤੀਨੋ | ਲਾਤੀਨੀ ਅਮਰੀਕਨ, ਹਿਸਪੈਨਿਕ ਪਿਛੋਕੜ |
| ☐ ਮਿਡਲ ਈਸਟਰਨ | ਅਰਬੀ, ਪਰਸ਼ੀਆ ਦਾ ਪਿਛੋਕੜ ਜਿਵੇਂ ਅਫਗਾਨੀ, ਮਿਸਰੀ, ਇਰਾਨੀ, ਲੈਬਨਾਨੀ, ਤੁਰਕੀ, ਕੁਰਦ ਆਦਿ। |
| ☐ ਸਾਊਥ ਏਸ਼ੀਅਨ | ਸਾਊਥ ਏਸ਼ੀਆ ਦਾ ਪਿਛੋਕੜ ਜਿਵੇਂ ਈਸਟ ਇੰਡੀਅਨ, ਪਾਕਿਸਤਾਨੀ, ਬੰਗਲਾਦੇਸ਼ੀ, ਸ੍ਰੀ ਲੰਕਨ, ਇੰਡੋ-ਕਰੀਬੀਅਨ ਆਦਿ। |
| ☐ ਗੋਰਾ | ਯੂਰਪੀ ਪਿਛੋਕੜ |
| ☐ ਨਸਲ ਦੀ ਹੋਰ ਸ਼੍ਰੇਣੀ | ਕਿਰਪਾ ਕਰਕੇ ਨਾਂ ਦੱਸੋ: |

| | | |
|---|---|---|
| **ਪਿਛਲੇ ਸਾਲ ਟੈਕਸਾਂ ਤੋਂ ਪਹਿਲਾਂ ਤੁਹਾਡੀ ਕੁੱਲ ਘਰੇਲੂ ਆਮਦਨ ਕਿੰਨੀ ਸੀ?** ਇਕ ਦੀ ਚੋਣ ਕਰੋ। | ☐ \$0-\$29,999<br>☐ \$30,000 - \$49,999<br>☐ \$50,000 - \$69,999<br>☐ \$70,000 - \$99,999 | ☐ \$100,000 - \$149,999<br>☐ \$150,000 ਜਾਂ ਜ਼ਿਆਦਾ<br>☐ ਪਤਾ ਨਹੀਂ<br>☐ ਨਾ ਦੱਸਣ ਨੂੰ ਤਰਜੀਹ |
| **ਤੁਹਾਡੇ ਸਮੇਤ ਪਰਿਵਾਰ ਦੇ ਕਿੰਨੇ ਮੈਂਬਰ ਨੇਮ ਨਾਲ ਤੁਹਾਡੇ ਘਰ ਵਿੱਚ ਰਹਿੰਦੇ ਹਨ?** | ☐ 1 ☐ 2 ☐ 3 ☐ 4 ☐ 5 ☐ 6<br>ਹੋਰ:<br>☐ ਪਤਾ ਨਹੀਂ<br>☐ ਨਾ ਦੱਸਣ ਨੂੰ ਤਰਜੀਹ | |
| **ਤੁਸੀਂ ਬਚਪਨ ਵਿੱਚ ਘਰ ਵਿੱਚ ਸਭ ਤੋਂ ਪਹਿਲੀ ਕਿਹੜੀ ਬੋਲੀ ਸਿੱਖੀ ਸੀ ਅਤੇ ਜਿਸ ਨੂੰ ਹੁਣ ਵੀ ਸਮਝ ਲੈਂਦੇ ਹੋ?**<br>ਕਿਰਪਾ ਕਰਕੇ ਨਾਂ ਦੱਸੋ: | | |
| **ਕੈਨੇਡਾ ਦੀ ਕਿਹੜੀ ਸਰਕਾਰੀ ਬੋਲੀ, ਅੰਗ੍ਰੇਜ਼ੀ ਜਾਂ ਫਰਾਂਸੀਸੀ, ਵਿੱਚ ਤੁਸੀਂ ਸੌਖ ਮਹਿਸਸ ਕਰਦੇ ਹੋ?** | ☐ ਫਰਾਂਸੀਸੀ<br>☐ ਅੰਗਰੇਜ਼ੀ<br>☐ ਅੰਗਰੇਜ਼ੀ ਅਤੇ ਫਰਾਂਸੀਸੀ ਦੋਵੇਂ | ☐ ਪਤਾ ਨਹੀਂ<br>☐ ਕਿਸੇ ਵਿੱਚ ਵੀ ਨਹੀਂ<br>☐ ਨਾ ਦੱਸਣ ਨੂੰ ਤਰਜੀਹ |